# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਮਾਨਸਾ

ਵੱਲ

ਸਮੂਹ ਸਕੂਲ ਮੁੱਖੀ,

ਜਿਲ੍ਹਾ ਮਾਨਸਾ

ਪੱਤਰ ਨੰ: ਜਿ:ਸਾ:ਸੁ/ **sci fair**/2016/163

ਮਿਤੀ ਮਾਨਸਾ: 27-09-2016

ਵਿਸ਼ਾ: **45ਵੀਂ ਰਾਜ ਵਿਦਿਆਰਥੀ ਵਿਗਿਆਨ ਪ੍ਰਦਰਸਨੀ 2016-2017 ਦੇ ਸੰਚਾਲਨ ਸਬੰਧੀ।**

ਉੱਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ **45ਵੀਂ ਰਾਜ ਵਿਦਿਆਰਥੀ ਵਿਗਿਆਨ ਪ੍ਰਦਰਸਨੀ 2016-2017 ਸਬੰਧੀ ਮੁੱਖ ਦਫਤਰ ਵਲੋਂ ਤਹਿਸੀਲ ਪੱਧਰੀ ਅਤੇ ਜਿਲ੍ਹਾ ਪੱਧਰੀ ਮਿਤੀਆਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਸੋ ਸਕੂਲ ਪੱਧਰ** ਤੇ ਵਿਗਿਆਨ ਪ੍ਰਦਰਸ਼ਨੀ ਲਈ ਤਿਆਰੀਆਂ ਸ਼ੁਰੂ ਕੀਤੀਆਂ ਜਾਣ ਅਤੇ ਇਸ ਸਬੰਧੀ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਵੇ। ਤਹਿਸੀਲ ਪੱਧਰੀ ਅਤੇ ਜਿਲ੍ਹਾ ਪੱਧਰੀ ਪ੍ਰਦਰਸ਼ਨੀਆਂ ਦੇ ਥਾਵਾਂ ਸਬੰਧੀ ਛੇਤੀ ਹੀ ਸੂਚਿਤ ਕੀਤਾ ਜਾਵੇਗਾ। ਕਿਸੇ ਕਿਸਮ ਦੇਰੀ ਜਾਂ ਅਣਗਹਿਲੀ ਲਈ ਸਬੰਧਤ ਜਿੰਮੇਵਾਰ ਹੋਣਗੇ।

(ਕੰਵਲਜੀਤ ਸਿੰਘ)
ਜਿਲ੍ਹਾ ਸਾਇੰਸ ਸੁਪਰਵਾਈਜ਼ਰ
ਮਾਨਸਾ

# ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ।

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ।
ਫੋਨ ਨੰ: 0172-2210144, 0172-2210077. e-mail : sisepunjab@yahoo.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰਜ

ਮੀਮੋਂ ਨੰ: ਰਸਸਸ/16-17/ਵਿ.ਪ੍ਰ./801-806
ਮਿਤੀ ਅਜੀਤਗੜ੍ਹ : 11-07-2016

ਵਿਸਾ:- **45ਵੀਂ ਰਾਜ ਵਿਦਿਆਰਥੀ ਵਿਗਿਆਨ ਪ੍ਰਦਰਸਨੀ 2016-2017 ਦੇ ਸੰਚਾਲਨ ਲਈ ਗਾਈਡ ਲਾਈਨਜ ਸਬੰਧੀ** ।

ਪੰਜਾਬ ਰਾਜ ਦੇ ਸਕੂਲਾਂ ਵਿੱਚ ਸਾਲ 2016-17 ਦੀਆਂ ਵਿਗਿਆਨ ਪ੍ਰਦਰਸਨੀਆਂ ਐਨ.ਸੀ.ਈ.ਆਰ.ਟੀ, ਨਵੀਂ ਦਿੱਲੀ ਵੱਲੋਂ ਪ੍ਰਾਪਤ ਨਿਰਦੇਸਾਂ ਅਨੁਸਾਰ ਕਰਵਾਈਆਂ ਜਾਣੀਆਂ ਹਨ। ਇਨ੍ਹਾਂ ਪ੍ਰਦਰਸਨੀਆਂ ਦਾ ਮੁੱਖ ਥੀਮ **ਦੇਸ ਨਿਰਮਾਣ ਵਿੱਚ ਵਿਗਿਆਨ, ਤਕਨਾਲੋਜੀ ਅਤੇ ਗਣਿਤ** (**Science, Technology & Mathematics for Nation Building**) ਹੈ। ਇਸ ਥੀਮ ਦੇ ਨਿਮਨ ਛੇ **ਸਬ-ਥੀਮਜ** ਹਨ ।

1) **ਸਿਹਤ (Health)**
2) **ਉਦਯੋਗ (Industry)**
3) **ਆਵਾਜਾਈ ਅਤੇ ਸੰਚਾਰ (Transport and Communication)**
4) **ਟਿਕਾਊ ਵਾਤਾਵਰਣ ਲਈ ਨਵਿਆਂਉਣਯੋਗ ਸਾਧਨਾਂ ਦੀ ਕਾਢ (Innovation in renewable resources for sustainable environment)**
5) **ਭੋਜਨ ਉਤਪਾਦਨ ਅਤੇ ਉਸਦੀ ਸੁਰੱਖਿਆ ਲਈ ਕਾਢ (Innovation in food production and Security)**
6) **ਰੋਜਾਨਾ ਜੀਵਨ ਵਿੱਚ ਗਣਿਤਕ ਹੱਲ (Mathematical solution in everyday life)**

45ਵੀਂ ਰਾਜ ਪੱਧਰੀ ਵਿਦਿਆਰਥੀ ਵਿਗਿਆਨ ਪ੍ਰਦਰਸਨੀ ਨਵੰਬਰ- 2016 ਦੇ ਚੌਥੇ ਹਫਤੇ ਦੇ ਕਿਸੇ ਵੀ ਦਿਨ ਆਰੰਭ ਕੀਤੀ ਜਾ ਸਕਦੀ ਹੈ। ਇਸ ਤੋ ਪਹਿਲਾਂ ਆਪ ਜੀ ਨੇ ਜ਼ਿਲ੍ਹਾ **ਪੱਧਰੀ ਵਿਦਿਆਰਥੀ ਵਿਗਿਆਨ ਪ੍ਰਦਰਸ਼ਨੀ 08-10 ਨਵੰਬਰ 2016** ਤੱਕ ਅਤੇ **ਤਹਿਸੀਲ ਪੱਧਰੀ ਵਿਦਿਆਰਥੀ ਵਿਗਿਆਨ ਪ੍ਰਦਰਸਨੀਆਂ 18-19 ਅਕਤੂਬਰ-2016** ਤੱਕ ਆਪਣੇ ਜਿਲ੍ਹੇ ਵਿੱਚ ਨਿਯਮਾਂ ਅਨੁਸਾਰ ਆਯੋਜਿਤ ਕਰਨੀਆਂ ਹਨ। ਇਹਨਾਂ ਪ੍ਰਦਰਸਨੀਆਂ ਨੂੰ ਕਰਵਾਉਣ ਲਈ ਗਾਈਡ ਲਾਈਨਸ ਐਨ.ਸੀ.ਈ.ਆਰ.ਟੀ. ਨਵੀਂ ਦਿੱਲੀ ਵਲੋਂ ਜਾਰੀ ਕਰ ਦਿੱਤੀਆਂ ਗਈਆਂ ਹਨ ਜੋ ਕਿ ਐਨ.ਸੀ.ਈ.ਆਰ.ਟੀ. ਦੀ ਵੈਬਸਾਈਟ www.ncert.nic ਤੋਂ ਡਾਉਨ ਲੋਡ ਕਰਕੇ ਸਕੂਲਾਂ/ਅਧਿਆਪਕਾਂ/ ਵਿਦਿਆਰਥੀਆਂ ਵਿੱਚ ਪੁੱਜਦੀਆਂ ਕਰਨੀਆਂ ਹਨ।

ਜਿਲਾ ਪ੍ਰਦਰਸਨੀਆਂ ਉਪਰੋਕਤ ਦੱਸੀਆਂ ਗਈਆਂ ਮਿਤੀਆਂ ਤੇ ਕਰਵਾਕੇ ਇਨ੍ਹਾਂ ਸਬੰਧੀ ਨਤੀਜੇ (ਨੱਥੀ ਪ੍ਰੋਫਾਰਮੇ) ਅਤੇ ਐਨ.ਸੀ.ਈ.ਆਰ.ਟੀ. ਗਾਈਡਲਾਈਨਜ ਵਿੱਚ ਪੇਜ ਨੰਬਰ 20, 21 ਅਤੇ 22 ਨੰਬਰ ਤੇ ਦਿੱਤੇ ਗਏ ਪ੍ਰੋਫਾਰਮੇ ਭਰ ਕੇ (ਹਾਰਡ ਅਤੇ ਸਾਫਟ ਕਾਪੀ ਸਮੇਤ) ਸੰਸਥਾ ਵਿਖੇ **ਮਿਤੀ 15-11-2016 ਤੱਕ ਹਰ ਹਾਲਤ ਤੱਕ ਪੁੱਜਦੇ ਕੀਤੇ ਜਾਣ** ਤਾਂ ਜੋ ਰਾਜ ਪੱਧਰ ਦੀ ਵਿਦਿਆਰਥੀ ਵਿਗਿਆਨ ਪ੍ਰਦਰਸਨੀ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ/ਅਧਿਆਪਕਾਂ ਦੀ ਸੂਚੀ ਤਿਆਰ ਕੀਤੀ ਜਾ ਸਕੇ ਅਤੇ ਉਸ ਅਨੁਸਾਰ ਰਾਜ ਪੱਧਰੀ ਵਿਦਿਆਰਥੀ ਵਿਗਿਆਨ ਪ੍ਰਦਾਰਸਨੀ ਦੇ ਪ੍ਰਬੰਧ ਕੀਤੇ ਜਾ ਸਕਣ।

<u>ਕੁੱਝ ਹਦਾਇਤਾਂ:</u>

1. ਜਿਲ੍ਹਾ ਪੱਧਰ ਦੀ ਪ੍ਰਦਰਸਨੀਆਂ ਦਾ ਆਯੋਜਨ ਕਰਨ ਲਈ ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ ਵੱਲੋਂ ਵਿਗਿਆਨ ਪ੍ਰਦਰਸਨੀਆਂ ਸਬੰਧੀ ਦਿਸਾ ਨਿਰਦੇਸਾਂ ਲਈ ਭੇਜੀ ਗਈਆਂ ਗਾਈਡਲਾਈਜ, ਰਜਿਸਟ੍ਰੇਸਨ ਫਾਰਮ ਅਤੇ ਨਤੀਜੇ ਦੇ ਪ੍ਰਫਾਰਮੇ ਆਪ ਜੀ ਨੂੰ ਇਸ ਪੱਤਰ ਨਾਲ ਭੇਜੇ ਜਾ ਰਹੇ ਹਨ ਆਪ ਜੀ ਵੱਲੋਂ ਪ੍ਰਦਰਸਨੀਆਂ ਖਤਮ ਹੋਣ ਤੋਂ ਅਗਲੇ ਹੀ ਦਿਨ ਸਮੂਹ ਪ੍ਰਫਾਰਮੇ ਭਰ ਕੇ ਹਰ ਹਾਲਤ ਵਿੱਚ ਸੰਸਥਾ ਵਿਖੇ ਪੁੱਜਦੇ ਕੀਤੇ ਜਾਣ।

2. ਜਿਲ੍ਹਾ ਪੱਧਰ ਤੇ ਪੇਂਡੂ ਆਈਟਮਜ ਦੇ ਮੁਕਾਬਲੇ ਅਲੱਗ ਤੋਂ ਨਾ ਕਰਵਾਏ ਜਾਣ, ਬਲਕਿ ਜਿਲ੍ਹਾ ਪੱਧਰ ਦੇ ਕਿਸੇ ਵੀ ਸਬਥੀਮ ਦੇ ਮੁਕਾਬਲੇ ਵਿਚੋਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ (ਪੇਂਡੂ ਸੈਕੰਡਰੀ ਅਤੇ ਪੇਂਡੂ ਸੀਨੀਅਰ ਸੈਕੰਡਰੀ) ਨੂੰ ਰਾਜ ਪੱਧਰ ਵਿੱਚ ਭਾਗ ਲੈਣ ਲਈ ਭੇਜਿਆ ਜਾਵੇ ਜੀ। ਇਨ੍ਹਾਂ ਟੀਮਾਂ ਵੱਲੋ ਦੂਜਾ ਸਥਾਨ ਪ੍ਰਾਪਤ ਨਾ ਕਰਨ ਦੀ ਸੂਰਤ ਵਿੱਚ ਰਾਜ ਪੱਧਰ ਤੇ ਆਉਣ ਦਾ ਮੌਕਾ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਪੇਂਡੂ ਟੀਮਾਂ ਨੂੰ ਦਿੱਤਾ ਜਾਵੇ।

3 ਜਿਲ੍ਹਾ ਵਿਗਿਆਨ ਪ੍ਰਦਰਸਨੀਆਂ ਵਿੱਚ ਹਰ ਪੱਧਰ ਤੇ ਸਬਥੀਮ ਵਾਈਜ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ, ਸਹਿਯੋਗੀ ਅਧਿਆਪਕ, ਸਬੰਧਤ ਸਕੂਲਾਂ ਦੇ ਨਾਵਾਂ ਦੀ ਸੂਚਨਾ, (ਰਿਪੋਰਟ ਦੇ ਪ੍ਰਫਾਰਮੇ) ਅਨੁਸਾਰ ਭੇਜੇ ਜਾਣ। ਮਿਤੀ ਅਤੇ ਉਹ ਸਥਾਨ ਜਿਥੇ ਪ੍ਰਦਰਸਨੀ ਲਗਾਈ ਗਈ ਹੈ, ਦਾ ਨਾਂ ਵੀ ਲਿਖ ਕੇ ਭੇਜਿਆ ਜਾਵੇ ਜੀ। ਇਸ ਦੀ ਇੱਕ ਕਾਪੀ ਆਪਣੇ ਰਿਕਾਰਡ ਵਿੱਚ ਰੱਖੀ ਜਾਵੇ ਅਤੇ ਰਾਜ ਪੱਧਰ ਦੀ ਪ੍ਰਦਰਸਨੀ ਵੇਲੇ ਆਪਣੇ ਨਾਲ ਲਿਆਂਦੀ ਜਾਵੇ ।

4 ਉਪਰੋਕਤ ਮੁਕਾਬਲਿਆਂ ਦੀ ਜਜਮੈਂਟ ਕਰਨ ਵਾਲੇ ਜੱਜਾਂ ਦੀ ਸੂਚੀ (ਨਾਂ, ਅਹੁਦਾ, ਨਿਯੁਕਤੀ ਸਥਾਨ ਸਮੇਤ ਫੋਨ ਨੰਬਰ) ਪ੍ਰੋਫਾਰਮੇ ਵਿੱਚ ਭਰ ਕੇ ਭੇਜੀ ਜਾਵੇ।

5. ਜਿਲ੍ਹਾ ਪੱਧਰ ਦੇ ਹਰੇਕ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਕੂਲਾਂ ਦੀ ਸੂਚਨਾ ਪ੍ਰੋਫਾਰਮੇ ਅਨੁਸਾਰ ਭੇਜੀ ਜਾਵੇ।

6 ਰਾਜ ਪੱਧਰ ਦੀ ਵਿਗਿਆਨ ਪ੍ਰਦਰਸਨੀ ਵਿੱਚ ਭਾਗ ਲੈਣ ਸਮੇਂ ਵਿਦਿਆਰਥੀਆਂ ਵੱਲੋਂ ਰਾਈਟ ਅਪ ਲਿਖ ਕੇ ਨਾਲ ਲੈ ਕੇ ਆਉਣਾ ਯਕੀਨੀ ਬਣਾਇਆ ਜਾਵੇ। ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ ਸਬੰਧੀ ਹਦਾਇਤਾਂ ਦਿੱਤੀਆਂ ਜਾਣ। ਜਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਏ ਆਈਟਮਾਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਰਾਜ ਪੱਧਰੀ ਪ੍ਰਦਰਸਨੀ ਵਿੱਚ ਭਾਗ ਲੈਣ ਸਮੇਂ ਉਹ ਆਪਣੇ ਨਾਲ ਰਾਈਟ ਅਪ, ਮਾਡਲ ਦੀ VCD ਅਤੇ ਲੋੜੀਂਦਾ ਬਿਸਤਰ ਨਾਲ ਲੈ ਕੇ ਆਉਣ।

7 ਪ੍ਰਦਰਸਨੀ ਦੌਰਾਨ ਵਿਸੇਸ ਕ੍ਰਿਆਵਾਂ ਜਿਵੇਂ ਕਿ ਪੁਸਤਕਾਂ ਦੀ ਪ੍ਰਦਰਸਨੀ, ਲੈਕਚਰਜ ਆਦਿ ਦੀ ਰਿਪੋਰਟ ਭੇਜੀ ਜਾਵੇ।

8 ਪ੍ਰਦਰਸਨੀ ਨੂੰ ਵੇਖਣ ਆਏ ਪ੍ਰਮੁੱਖ/ਵਿਸੇਸ ਵਿਅਕਤੀਆਂ, ਆਮ ਦਰਸਕਾਂ ਦੀ ਗਿਣਤੀ ਅਤੇ ਅਖਬਾਰਾਂ ਵਿੱਚ ਛਪੀਆਂ ਖਬਰਾਂ ਦੀਆਂ ਕਟਿੰਗਜ ਵੀ ਸੰਸਥਾ ਨੂੰ ਭੇਜੀਆਂ ਜਾਣ।

9 ਪ੍ਰਦਰਸਨੀ ਨੂੰ ਹੋਰ ਵਧੀਆ ਅਤੇ ਸਫਲ ਬਣਾਉਣ ਲਈ ਆਮ ਜਨਤਾ, ਅਧਿਆਪਕ, ਪ੍ਰਬੰਧਕਾਂ ਅਤੇ ਵਿਸੇਸ ਵਿਅਕਤੀਆਂ ਦੇ ਸੁਝਾਅ ਆਪਣੀ ਰਿਪੋਰਟ ਵਿੱਚ ਭੇਜੇ ਜਾਣ।

10. ਸਬੰਧਤ ਜਿਲ੍ਹੇ ਦੇ ਸਰਕਾਰੀ, ਗੈਰ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ, (ਗੌਰਮਿੰਟ ਏਡਿਡ), ਪ੍ਰਾਈਵੇਟ ਸਕੂਲ ਸਹਾਇਤਾ ਪ੍ਰਾਪਤ (ਪ੍ਰਾਈਵੇਟ ਏਡਿਡ), ਪ੍ਰਾਈਵੇਟ ਸਕੂਲ, ਪਬਲਿਕ ਸਕੂਲ, ਸੈਨਿਕ ਸਕੂਲ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਆਈ.ਸੀ.ਐਸ.ਈ. ਨਾਲ ਸਬੰਧਤ ਸਕੂਲਾਂ ਦੇ ਵਿਦਿਆਰਥੀ ਇਸ ਪ੍ਰਦਰਸਨੀ ਵਿਚ ਭਾਗ ਲੈ ਸਕਦੇ ਹਨ। **ਇਨ੍ਹਾਂ ਪ੍ਰਦਰਸਨੀਆਂ ਵਿੱਚ ਸੀ.ਬੀ.ਐਸ.ਈ. ਸਕੂਲਾਂ ਨੂੰ ਭਾਗ ਲੈਣ ਲਈ ਨਾ ਸੱਦਿਆ ਜਾਵੇ।**

11. ਕਿਉਂ ਜੋ ਰਾਜ ਵਿਦਿਆਰਥੀ ਵਿਗਿਆਨ ਪ੍ਰਦਰਸਨੀ ਵਿੱਚ ਐਲੀਮੈਂਟਰੀ ਵਿਦਿਆਰਥੀਆਂ ਲਈ ਅਲੱਗ ਤੋਂ ਮੁਕਾਬਲਾ ਉਲੀਕਿਆ ਗਿਆ ਹੈ ਇਸ ਲਈ ਇਸ ਪੱਤਰ ਨੂੰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੀ ਸਹਾਇਤਾ ਨਾਲ ਪ੍ਰਾਈਮਰੀ ਸਕੂਲਾਂ ਵਿੱਚ ਭੇਜ ਕੇ ਪ੍ਰਾਇਮਰੀ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

<u>ਆਈਟਮਜ ਦੇ ਮੁਕਾਬਲੇ  ਤੋਂ ਇਲਾਵਾ ਪ੍ਰਦਰਸਨੀ ਦੇ ਜਰੂਰੀ ਅੰਗ:</u>

ੳ **ਅਧਿਆਪਕਾਂ ਲਈ ਟੀਚਿੰਗ ਏਡਜ ਦਾ <u>ਮੁਕਾਬਲਾ</u>** :-ਅਧਿਆਪਕਾਂ ਵਿੱਚ ਅਧਿਆਪਨ ਲਈ ਰੁਚੀ ਪੈਦਾ ਕਰਨ ਦੇ ਮੰਤਵ  ਨਾਲ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਵਧਣ ਫੁੱਲਣ ਲਈ ਇਹ ਮੁਕਾਬਲਾ ਰੱਖਿਆ ਗਿਆ ਹੈ। ਅਧਿਆਪਕ/ਲੈਕਚਰਾਰ ਦੀ <u>**ਕੇਵਲ ਇੱਕ ਟੀਚਿੰਗ ਏਡ ਦਾ ਡਿਸਪਲੇਅ**</u> ਸਟੈਂਡਰਡ ਸਾਇਜ ਦੇ ਇੱਕ ਹੀ ਮੇਜ ਤੇ ਹੋ ਜਾਣਾ ਚਾਹੀਦਾ ਹੈ।

ਅ **ਪੇਂਡੂ ਆਈਟਮਜ ਦੇ <u>ਮੁਕਾਬਲਾ</u>** – ਜਿਲ੍ਹਾ ਪੱਧਰ ਤੇ ਪੇਂਡੂ ਆਈਟਮਜ ਦੇ ਮੁਕਾਬਲੇ  ਅਲੱਗ ਤੋਂ ਨਾ ਕਰਵਾਏ ਜਾਣ, ਬਲਕਿ ਜਿਲ੍ਹਾ ਪੱਧਰ ਦੇ ਕਿਸੇ ਵੀ ਸਬਥੀਮ ਦੇ  ਮੁਕਾਬਲੇ ਵਿਚੋਂ ਦੂਜਾ ਸਥਾਨ ਪ੍ਰਾਪਤ  ਕਰਨ  ਵਾਲੀ ਟੀਮ (ਪੇਂਡੂ  ਸੈਕੰਡਰੀ/ਪੇਂਡੂ ਸੀਨੀਅਰ ਸੈਕੰਡਰੀ) ਨੂੰ ਰਾਜ ਪੱਧਰ ਵਿੱਚ ਭਾਗ ਲੈਣ ਲਈ ਭੇਜਿਆ ਜਾਵੇ  ਜੀ। ਇਨ੍ਹਾਂ ਟੀਮਾਂ ਵੱਲੋਂ ਦੂਜਾ ਸਥਾਨ ਪ੍ਰਾਪਤ  ਨਾ ਕਰਨ ਦੀ ਸੂਰਤ ਵਿੱਚ ਰਾਜ ਪੱਧਰ ਤੇ ਆਉਣ ਦਾ ਮੌਕਾ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਪੇਂਡੂ ਟੀਮਾਂ ਨੂੰ ਦਿੱਤਾ ਜਾਵੇ।

ੲ. **ਐਲੀਮੈਂਟਰੀ ਵਿਦਿਆਰਥੀਆਂ ਲਈ ਮਾਡਲ <u>ਮੁਕਾਬਲਾ</u>**:- ਐਨ.ਸੀ.ਈ.ਆਰ.ਟੀ. ਵੱਲੋਂ ਪ੍ਰਾਪਤ ਛੇ ਸਬਥੀਮਾਂ ਵਿਚੋਂ ਕਿਸੇ ਵੀ ਸਬਥੀਮ ਤੇ ਅਧਾਰਤ ਹਰ ਜਿਲ੍ਹੇ ਵਿਚੋਂ ਕੇਵਲ ਇੱਕ ਜੇਤੂ ਐਲੀਮੈਂਟਰੀ ਮਾਡਲ ਹੀ ਰਾਜ ਵਿਗਿਆਨ ਪ੍ਰਦਰਸਨੀ ਵਿਚ ਭਾਗ ਲਵੇਗਾ।

ਸ. **ਅਧਿਆਪਕਾਂ ਦਾ ਮੌਕੇ ਤੇ ਭਾਸਣ <u>ਮੁਕਾਬਲਾ</u>।**

ਹ. **ਵਿਦਿਆਰਥੀਆਂ ਦਾ ਮੌਕੇ ਤੇ ਭਾਸਣ <u>ਮੁਕਾਬਲਾ</u>।**

ਲੜੀ ਨੰਬਰ **ਸ** ਅਤੇ **ਹ** ਤੇ ਦੱਸੇ ਗਏ ਮੁਕਾਬਲੇ ਪ੍ਰਦਰਸਨੀ ਦੌਰਾਨ ਕਰਵਾਏ ਜਾਣ ਅਤੇ ਜਿਲ੍ਹਾ ਪੱਧਰੀ ਪ੍ਰਦਰਸਨੀ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲਾ ਕੇਵਲ ਇੱਕ ਅਧਿਆਪਕ ਅਤੇ ਇੱਕ ਵਿਦਿਆਰਥੀ ਰਾਜ ਪੱਧਰੀ ਪ੍ਰਦਰਸਨੀ ਵਿੱਚ ਭਾਗ ਲੈਣ ਲਈ ਭੇਜਿਆ ਜਾਵੇ।  ਇਨ੍ਹਾਂ ਮੁਕਾਬਲਿਆਂ ਦਾ ਵਿਸਾ ਭੋਜਨ ਉਤਪਾਦਨ, ਉਸ ਦੀ ਸਾਂਭ-ਸੰਭਾਲ ਅਤੇ ਉਸ ਦੀ ਸੁਰੱਖਿਆ ਸਬੰਧੀ ਹੋਣਾ ਚਾਹੀਦਾ ਹੈ।

- ਉਪਰੋਕਤ ਦੱਸੇ ਗਏ ਪ੍ਰਦਰਸਨੀ ਦੇ ਮੁਕਾਬਲਿਆਂ ਲਈ ਜਿਲ੍ਹਾ ਪੱਧਰੀ ਵਿਗਿਆਨ ਪ੍ਰਦਰਸਨੀ ਵਿਚ ਪਹਿਲੇ ਸਥਾਨ ਤੇ ਆਏ ਇੱਕ ਵਿਦਿਆਰਥੀ ਨੂੰ ਰਾਜ ਵਿਗਿਆਨ ਪ੍ਰਦਰਸਨੀ ਵਿੱਚ ਇੱਕ ਸਹਿਯੋਗੀ ਅਧਿਆਪਕ ਨਾਲ ਰਜਿਸਟਰ ਕੀਤਾ ਜਾਵੇਗਾ। ਜੇਕਰ ਸਕੂਲ ਤੋਂ ਕਿਸੇ ਹੋਰ ਮੁਕਾਬਲੇ ਵਿੱਚ ਵੀ ਕੋਈ ਵਿਦਿਆਰਥੀ ਭਾਗ ਲੈ ਰਿਹਾ ਹੋਵੇ ਤਾਂ ਉਸ ਸਕੂਲ ਦਾ ਕੇਵਲ ਇੱਕ ਹੀ ਅਧਿਆਪਕ ਰਜਿਸਟਰ ਕੀਤਾ ਜਾਵੇਗਾ।

ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ।

## ਅਧਿਆਪਕਾਂ/ਵਿਦਿਆਰਥੀਆਂ ਦੀ ਮੌਕੇ ਤੇ ਭਾਸਣ ਪ੍ਰਤੀਯੋਗਤਾ ਲਈ ਨਿਯਮ ।

1. ਇਸ ਭਾਸਣ ਪ੍ਰਤੀਯੋਗਤਾ ਲਈ ਵਿਸਾ ਮੌਕੇ ਤੇ ਹੀ ਦਿੱਤਾ ਜਾਵੇਗਾ. ਅਤੇ ਅਧਿਆਪਕ/ਵਿਦਿਆਰਥੀ ਨੇ ਵਿਸੇ ਸਬੰਧੀ ਚਾਰ ਤੋਂ ਪੰਜ ਮਿੰਟ ਲਈ ਬੋਲਣਾ ਹੈ।

2. ਬੋਲਣ ਦਾ ਮਾਧਿਅਮ ਪੰਜਾਬੀ, ਹਿੰਦੀ ਜਾਂ ਅੰਗਰੇਜੀ ਹੋ ਸਕਦਾ ਹੈ।

3. ਕਾਗਜ ਦੀ ਮਦਦ ਤੋਂ ਬਗੈਰ ਬੋਲਣਾ ਹੈ।

4 ਪਹਿਲੀ ਘੰਟੀ ਚਾਰ ਮਿੰਟ ਬਾਅਦ ਅਤੇ ਦੂਜੀ ਪੰਜ ਮਿੰਟ ਬਾਅਦ ਹੋਵੇਗੀ। ਪਹਿਲੀ ਘੰਟੀ ਤੋਂ ਪਹਿਲਾਂ ਅਤੇ ਦੂਜੀ ਘੰਟੀ ਤੋਂ ਬਾਅਦ ਖਤਮ ਕਰਨ ਵਾਲੇ ਅਧਿਆਪਕ/ਵਿਦਿਆਰਥੀ ਨੂੰ ਭਾਸਣ ਪ੍ਰਤੀਯੋਗਤਾ ਤੋਂ ਬਾਹਰ ਕਰ ਦਿੱਤਾ ਜਾਵੇਗਾ। ਵਿਸੇ ਦੀ ਜਾਣਕਾਰੀ ਅਤੇ ਬੋਲਣ ਦੇ ਅੰਦਾਜ ਦੋਨਾਂ ਨੂੰ ਹੀ ਧਿਆਨ ਵਿੱਚ ਰੱਖ ਕੇ ਜਜਮੈਂਟ ਕੀਤੀ ਜਾਵੇ।

5. 80% ਅੰਕ ਭਾਸਣ ਦੇ ਵਿਸਾ ਵਸਤੂ, ਵਿਗਿਆਨਕ ਵਿਚਾਰ ਅਤੇ 20% ਅੰਕ ਭਾਸਣ ਦੀ ਸੈਲੀ ਪੇਸ ਕਰਨ ਦੀ ਵਿਧੀ ਨੂੰ ਦਿੱਤੇ ਜਾਣਗੇ।

6. ਜੱਜਾ ਦਾ ਫੈਸਲਾ ਅੰਤਿਮ ਹੋਵੇਗਾ।

7 ਮੁਕਾਬਲੇ ਸਹਿਰੀ ਜਾਂ ਪੇਂਡੂ ਟੀਮਾਂ ਲਈ ਅਲੱਗ ਅਲੱਗ ਨਹੀਂ ਕਰਵਾਏ ਜਾਣਗੇ।

ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ।